ਇੱਕ ਯੋਜਨਾ ਬਣਾਓ · ਇੱਕ ਕਿੱਟ ਬਣਾਓ · ਸੂਚਿਤ ਰਹੋ

# ਤਿਆਰ ਸਟਰ




**ਕਿਸੇ ਸੰਕਟਕਾਲ ਜਿਵੇਂ ਕਿ ਹੜ੍ਹ, ਅੱਗ, ਬਿਜਲੀ ਦੇ ਬੰਦ ਹੋਣ, ਜਾਂ ਹੋਰ ਆਫਤਾਂ ਦੀ ਸੂਰਤ ਵਿੱਚ ਜਗ੍ਹਾ ਨੂੰ ਖਾਲੀ ਕਰਨ ਜਾਂ ਓਸੇ ਜਗ੍ਹਾ ਪਨਾਹ ਲੈਣ ਲਈ ਤਿਆਰ ਰਹੋ।**

**ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵਿਜ਼ਿਟ ਕਰੋ:**

**BePreparedSutter.org**

ਯੁਬਾ-ਸਟਰ ਐਕਸੈੱਸ ਐਂਡ ਫੰਕਸ਼ਨਲ ਜ਼ਰੂਰਤਾਂ (AFN) ਵਰਕਗਰੁੱਪ ਦੁਆਰਾ ਵਿਕਸਿਤ ਕੀਤਾ ਗਿਆ।

SUTTER COUNTY

ਇੱਕ ਯੋਜਨਾ ਬਣਾਓ · ਇੱਕ ਕਿੱਟ ਬਣਾਓ · ਸੂਚਿਤ ਰਹੋ

# ਤਿਆਰ ਸਟਰ

**ਐਮਰਜੈਂਸੀਦੀ ਸੂਰਤ ਵਿੱਚ ਜਗ੍ਹਾ ਨੂੰ ਖਾਲੀ ਕਰਨ ਜਾਂ ਓਸੇ ਜਗ੍ਹਾ ਪਨਾਹ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ, ਇਹਨਾਂ ਨੌਂ ਜ਼ਰੂਰੀ ਵਸਤੂਆਂ ਨੂੰ ਇਕੱਠਾ ਕਰੋ ਜੋ ਘੱਟੋ ਘੱਟ ਤਿੰਨ ਦਿਨ ਤੱਕ ਚੱਲ ਸਕਣ ਲਈ ਕਾਫ਼ੀ ਹੋਣ:**

ਸ਼ੈਲਟਰ-ਇਨ-ਪਲੇਸ (ਜਗ੍ਹਾ ਵਿੱਚ ਪਨਾਹ): ਕਿਸੇ ਇਮਾਰਤ ਜਾਂ ਵਾਹਨ ਦੇ ਅੰਦਰ ਰਹਿਣਾ।
ਨੋਟ: ਐਮਰਜੈਂਸੀ ਕਿੱਟ ਨੂੰ ਆਮ ਥਾਵਾਂ ਤੇ ਰੱਖਣ ਤੇ ਵਿਚਾਰ ਕਰੋ (ਘਰ, ਕਾਰ, ਕੰਮ ਵਾਲੀ ਥਾਂ ਤੇ, ਚਲਦੇ-ਫਿਰਦੇ)।

| | | |
|---|---|---|
| 1 | **ਪਾਣੀ** | **ਇੱਕ ਗੈਲਨ** ਪ੍ਰਤੀ ਵਿਅਕਤੀ, ਪ੍ਰਤੀ ਦਿਨ। ਗਰਮ ਮੌਸਮ ਦੌਰਾਨ ਜਾਂ ਬਿਮਾਰ ਲੋਕਾਂ ਲਈ ਵਧੇਰੇ ਪਾਣੀ ਦੀ ਲੋੜ ਹੋ ਸਕਦੀ ਹੈ। |
| 2 | **ਭੋਜਨ** | ਹਰ ਇੱਕ ਵਿਅਕਤੀ ਦੇ ਲਈ ਕਾਫ਼ੀ ਮਾਤਰਾ ਵਿੱਚ **ਨਾ ਖਰਾਬ ਹੋਣ ਵਾਲੇ ਭੋਜਨ** (ਡੱਬਾਬੰਦ ਜਾਂ ਪੈਕਬੰਦ) । ਭੋਜਨ ਤੋਂ ਹੋਣ ਵਾਲੀਆਂ ਐਲਰਜੀਆਂ ਅਤੇ ਸੰਵੇਦਨਸ਼ੀਲਤਾਵਾਂ 'ਤੇ ਗੌਰ ਕਰੋ। |
| 3 | **ਕੱਪੜੇ** | **ਕੱਪੜੇ ਅਤੇ ਜੁੱਤੀਆਂ ਦੀ ਇੱਕ ਤਬਦੀਲੀ, ਪ੍ਰਤੀ ਵਿਅਕਤੀ**। ਇਸ ਤੇ ਵੀ ਵਿਚਾਰ ਕਰੋ: ਹਰ ਮੌਸਮ/ਬਰਸਾਤ ਦੀ ਜੈਕਟ, ਦਸਤਾਨੇ, ਟੋਪੀ, ਸਕਾਰਫ਼, ਚਾਦਰ, ਸਿਰਹਾਣਾ, ਸਲੀਪਿੰਗ ਬੈਗ। |
| 4 | **ਸਿਹਤ ਸਪਲਾਈਆਂ** | **ਤਜਵੀਜ਼ਾਂ ਅਤੇ ਹੋਰ ਦਵਾਈਆਂ**, ਐਨਕਾਂ ਜਾਂ ਕਾਂਟੈਕਟ ਲੈਂਜ਼, ਇਨਹੇਲਰ, ਸੁਣਨ ਵਿੱਚ ਸਹਾਇਕਉਪਕਰਨ ਅਤੇ ਬੈਟਰੀਆਂ, ਸਰਿੰਜਾਂ, ਮੈਡੀਕਲ ਅਲਰਟ ਟੈਗ, ਗਲੂਕੋਜ਼ਮਾਨੀਟਰ, ਆਕਸੀਜਨ ਟੈਂਕ ਜਾਂ ਕੌਨਸੰਟ੍ਰੇਟਰ। |
| 5 | **ਨਿੱਜੀ ਦੇਖਭਾਲ** | **ਬੁਨਿਆਦੀ ਚੀਜ਼ਾਂ** ਜਿਵੇਂ ਸਾਬਣ, ਦੰਦਾਂ ਦਾ ਬੁਰਸ਼, ਟੂਥਪੇਸਟ, ਟਾਇਲਟ ਪੇਪਰ, ਹੈਂਡ ਸੈਨੀਟਾਈਜ਼ਰ, ਚਿਹਰੇ ਦਾ ਮਾਸਕ, ਅਤੇ ਹੋਰ ਸਫਾਈ ਉਤਪਾਦ। |
| 6 | **ਸੁਰੱਖਿਆ** | **ਫਸਟ ਏਡ ਕਿੱਟ**, ਐਮਰਜੈਂਸੀ ਕੰਬਲ, ਸੀਟੀ, ਰੱਦੀ ਲਈ ਥੈਲੇ, ਕਾਗਜ਼ ਦੇ ਤੌਲੀਏ, ਅਲਕੋਹਲ ਕੀਟਾਣੂਨਾਸ਼ਕ, ਧੂੜ ਦਾ ਮਾਸਕ ਅਤੇ ਥਰਮਾਮੀਟਰ। |
| 7 | **ਇਲੈਕਟ੍ਰੋਨਿਕਸ** | **ਸੈੱਲ ਫੋਨ, ਫਲੈਸ਼ਲਾਈਟ, ਰੇਡੀਓ**, ਚਾਰਜਰ ਦੇ ਨਾਲ ਲੈਪਟਾਪ/ ਟੈਬਲੇਟ, ਬੈਕ-ਅੱਪ ਹਾਰਡ ਡਰਾਈਵ, ਜਨਰਲ ਅਤੇ ਮੈਡੀਕਲ ਸਪਲਾਈ ਲਈ ਵਾਧੂ ਬੈਟਰੀਆਂ। |
| 8 | **ਔਜ਼ਾਰ** | **ਵਾਧੂ ਨਕਦੀ, ਵਾਧੂ ਕੁੰਜੀਆਂ**, ਕ੍ਰੈਡਿਟ/ਡੈਬਿਟ ਕਾਰਡ, ਮਾਚਿਸ / ਲਾਈਟਰ, ਮੈਨੂਅਲ ਕੈਨ ਓਪਨਰ, ਸਥਾਨਕ ਨਕਸ਼ੇ, ਮਲਟੀਪਰਪਜ਼ ਟੂਲ, ਪੈੱਨ ਅਤੇ ਕਾਗਜ਼, ਅਤੇ ਖਾਣ, ਪੀਣ ਅਤੇ ਪਕਾਉਣ ਲਈ ਬਰਤਨ। |
| 9 | **ਦਸਤਾਵੇਜ਼** | **ਮਹੱਤਵਪੂਰਨ ਰਿਕਾਰਡਾਂ ਦੀਆਂ ਕਾਪੀਆਂ** (ਐਮਰਜੈਂਸੀ ਸੰਪਰਕ, ਫੋਟੋ ਆਈ.ਡੀ., ਮੈਡੀਕਲ ਜਾਣਕਾਰੀ, ਵਿੱਤੀ ਰਿਕਾਰਡ, ਜਾਇਦਾਦ ਦੇ ਰਿਕਾਰਡ, ਆਦਿ), ਨਿੱਜੀ ਚੀਜ਼ਾਂ (ਫ਼ੋਟੋਆਂ, ਨਾ ਬਦਲਣਯੋਗ ਚੀਜ਼ਾਂ, ਆਦਿ), ਮੈਡੀਕਲ ਉਪਕਰਣਾਂ ਲਈ ਹਿਦਾਇਤਾਂ। |

## ਵਿਚਾਰ ਕਰਨ ਲਈ ਹੋਰ ਆਈਟਮਾਂ

| | |
|---|---|
| **ਬੱਚੇ** | ਬੇਬੀ ਬੋਤਲਾਂ, ਫਾਰਮੂਲਾ, ਭੋਜਨ, ਖਿਡੌਣੇ, ਅਤੇ ਕੰਬਲ; ਡਾਇਪਰ, ਅਤੇ ਪਰਿਵਾਰ ਲਈ ਖੇਡਾਂ / ਮਜ਼ੇਦਾਰ ਗਤੀਵਿਧੀਆਂ |
| **ਪਾਲਤੂ ਜਾਨਵਰ** | ਭੋਜਨ, ਪਾਣੀ, ਪੱਟਾ, ਕੈਰੀਅਰ, ਦਵਾਈ, ਮੈਡੀਕਲ ਰਿਕਾਰਡ, ਫੋਟੋ ਆਈ.ਡੀ., ਖਿਡੌਣੇ, ਕਟੋਰੇ, ਕੂੜੇ ਦੇ ਡੱਬੇ, ਅਤੇ ਸ਼ਿੰਗਾਰ ਦੇ ਸੰਦ। |
| **ਟਿਪਸ** | ਵਾਹਨਾਂ ਲਈ ਗੈਸ ਦਾ ਪੂਰਾ ਟੈਂਕ (ਗੈਸ ਦੇਅੱਧੇ-ਟੈਂਕ ਤੇ ਹਮੇਸ਼ਾਂ ਭਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ)। |